ਸਾਰਿਆਂ ਨੂੰ ਸ਼ੁਭ ਸਵੇਰ, ਏ-ਸਵੇਇਲ (ਹੈਲੋ)।

ਅੱਜ 28 ਸਤੰਬਰ ਹੈ ਅਤੇ ਅੱਜ ਮੈਂ ਤਿੰਨ ਚੀਜ਼ਾਂ ਬਾਰੇ ਜਾਣਕਾਰੀ ਦੇਣਾ ਚਾਹੁੰਦਾ ਹਾਂ: ਇਸ ਸਾਲ ਦੇ ਸੰਦਰਭ ਵਿੱਚ 30 ਸਤੰਬਰ ਅਤੇ ਵਿਦਿਆਰਥੀਆਂ ਦੀ ਗਿਣਤੀ ਦੀ ਮਹੱਤਤਾ, ਕੋਵਿਡ ਬਾਰੇ ਤਾਜ਼ੀ ਜਾਣਕਾਰੀ ਅਤੇ ਮਿਸ਼ਰਤ ਪ੍ਰੋਗਰਾਮ ਬਾਰੇ ਸਾਡੀ ਸਥਿਤੀ।

ਸਭ ਤੋਂ ਪਹਿਲਾਂ ਮੈਂ ਤੁਹਾਡੇ ਨਾਲ 30 ਸਤੰਬਰ ਬਾਰੇ ਗੱਲ ਕਰਨੀ ਚਾਹੁੰਦਾ ਹਾਂ, ਜਿਹੜੀ ਸਕੂਲ ਜ਼ਿਲ੍ਹੇ ਅਤੇ ਬੀ ਸੀ ਦੇ ਸਾਰੇ ਜ਼ਿਲ੍ਹਿਆਂ ਲਈ ਬਹੁਤ ਜ਼ਿਆਦਾ ਮਹੱਤਵਪੂਰਨ ਹੈ। ਇਹ ਉਹ ਸਮਾਂ ਹੈ ਜਦੋਂ ਅਸੀਂ ਸਕੂਲ ਦੇ ਸਾਲ ਵਿੱਚ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਪੱਕੀ ਕਰਦੇ ਹਾਂ ਅਤੇ ਇਹ ਸਾਲ ਲਈ ਫੰਡ ਨਿਰਧਾਰਤ ਕਰਦੀ ਹੈ। ਇਸ ਲਈ ਮੈਂ ਸਾਰੇ ਟੀਚਰਾਂ, ਸਹਾਇਕ ਸਟਾਫ ਦੇ ਮੈਂਬਰਾਂ, ਸਕੂਲ ਦੇ ਪ੍ਰਬੰਧਕਾਂ ਅਤੇ ਸਾਡੇ ਜ਼ਿਲ੍ਹੇ ਦੇ ਸਟਾਫ ਦੇ ਮੈਂਬਰਾਂ ਦਾ ਜ਼ੋਰਦਾਰ ਸ਼ਬਦਾਂ ਵਿੱਚ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਹਨਾਂ ਇਹ ਯਕੀਨੀ ਬਣਾਉਣ ਲਈ ਆਪਣੀ ਹਰ ਕੋਸ਼ਿਸ਼ ਕੀਤੀ ਹੈ ਕਿ ਸਾਡੇ ਕੋਲ ਉਨ੍ਹਾਂ ਦੇ ਗਵਾਂਢ ਦੇ ਸਕੂਲਾਂ ਨਾਲ ਜੁੜੇ ਹੋਏ ਵੱਧ ਤੋਂ ਵੱਧ ਬੱਚੇ ਹੋਣ ਅਤੇ ਅਸੀਂ ਸਾਲ ਲਈ ਅੱਗੇ ਵਧਣ ਲਈ ਤਿਆਰ ਹੋਈਏ। 30 ਸਤੰਬਰ ਲੰਘਣ ਬਾਅਦ ਅਸਲੀ ਸਾਲ ਸ਼ੁਰੂ ਹੁੰਦਾ ਹੈ ਜੋ ਪੂਰੀ ਤਰ੍ਹਾਂ ਅੱਗੇ ਵੱਧਦਾ ਹੈ। ਇਸ ਕਰਕੇ ਇਸ ਲਈ ਧੰਨਵਾਦ।

ਅਗਲਾ ਹਿੱਸਾ ਕੋਵਿਡ ਬਾਰੇ ਹੈ। ਕੁਝ ਮੁੱਖ ਗੱਲਾਂ, ਅਤੇ ਮੈਨੂੰ ਪਤਾ ਹੈ ਕਿ ਮੈਂ ਇਹ ਪਹਿਲਾਂ ਕਹਿ ਚੁੱਕਾ ਹਾਂ, ਪਰ ਮੈਂ ਇਕ ਵਾਰ ਫਿਰ ਇਸ ਨਾਲ ਸੰਬੰਧਤ ਨਿਯਮਾਂ ਵਿੱਚੋਂ ਦੀ ਲੰਘਣਾ ਚਾਹੁੰਦਾ ਹਾਂ ਅਤੇ ਦੱਸਣਾ ਚਾਹੁੰਦਾ ਹਾਂ ਕਿ "ਸਕੂਲ ਨੂੰ ਸਕੂਲ ਵਿੱਚ ਕੋਵਿਡ ਨਾਲ ਸੰਪਰਕ ਹੋਣ ਬਾਰੇ ਚਿੱਠੀ ਕਦੋਂ ਮਿਲਦੀ ਹੈ" ਅਤੇ "ਕਦੋਂ ਤੁਹਾਨੂੰ ਕੋਵਿਡ ਨਾਲ ਸੰਪਰਕ ਹੋਣ ਦੀ ਚਿੱਠੀ ਨਹੀਂ ਮਿਲਦੀ।" ਇਕ ਵਾਰ ਫਿਰ ਨਿਯਮ ਇਸ ਪ੍ਰਕਾਰ ਹਨ: ਹੈਲਥ ਅਥਾਰਟੀ ਵੱਲੋਂ ਕਿਸੇ ਕੇਸ ਦੀ ਪੁਸ਼ਟੀ ਕੀਤੀ ਜਾਂਦੀ ਹੈ, ਉਹ ਸਾਨੂੰ ਦੱਸਦੇ ਹਨ ਕਿ ਸਕੂਲ ਵਿੱਚ ਪਾਜ਼ੇਟਿਵ ਕੇਸ ਮਿਲਿਆ ਹੈ, ਅਤੇ ਮੁੱਖ ਸਵਾਲ ਇਹ ਹੁੰਦਾ ਹੈ: ਕੀ ਸਕੂਲ ਵਿੱਚ ਹੋਣ ਸਮੇਂ ਉਹ ਵਿਅਕਤੀ ਇਨਫੈਕਸ਼ਨ ਲਾਉਣ ਵਾਲਾ ਸੀ ਜਾਂ ਨਹੀਂ। ਇਸ ਲਈ ਜੇ ਸਕੂਲ ਦੇ ਭਾਈਚਾਰੇ ਨਾਲ ਸੰਬੰਧਤ ਕੋਈ ਕੇਸ ਹੁੰਦਾ ਹੈ, ਮੰਨ ਲਉ ਕਿ ਕਿਸੇ ਅਜਿਹੇ ਵਿਅਕਤੀ ਬਾਰੇ ਪਤਾ ਲਗਦਾ ਹੈ ਜੋ ਸਕੂਲ ਨਾਲ ਕੰਮ ਕਰਦਾ ਹੈ ਜਾਂ ਕਿਸੇ ਅਜਿਹੇ ਵਿਦਿਆਰਥੀ ਬਾਰੇ ਪਤਾ ਲੱਗਦਾ ਹੈ ਜੋ ਸਕੂਲ ਜਾਂਦਾ ਹੈ, ਅਤੇ ਉਹ ਕਦੇ ਵੀ ਉਸ ਸਮੇਂ ਸਕੂਲ ਵਿੱਚ ਨਹੀਂ ਸਨ, ਜਦੋਂ ਉਹ ਦੂਜਿਆਂ ਨੂੰ ਇਨਫੈਕਸ਼ਨ ਲਾ ਸਕਦੇ ਸਨ, ਤਾਂ ਕੋਵਿਡ ਨਾਲ ਸੰਪਰਕ ਹੋਣ ਦੀ ਚਿੱਠੀ ਜਾਰੀ ਨਹੀਂ ਕੀਤੀ ਜਾਂਦੀ। ਸਕੂਲ ਨੂੰ ਇਹ ਕਹਿਣ ਦਾ ਕੋਈ ਕਾਰਨ ਨਹੀਂ ਹੈ, ਕਿ ਤੁਹਾਡੇ ਸਕੂਲ ਵਿੱਚ ਸੰਪਰਕ ਹੋਣ ਦੀ ਘਟਨਾ ਨਹੀਂ ਹੋਈ ਸੀ। ਇਸ ਲਈ ਸੰਭਾਵੀ ਤੌਰ 'ਤੇ ਤੁਸੀਂ ਆਪਣੇ ਸਕੂਲ ਵਿੱਚ ਇਕ ਅਫਵਾਹ ਸੁਣੋਗੇ ਕਿ ਫਲਾਣੇ ਫਲਾਣੇ ਵਿਅਕਤੀ ਦਾ ਕੋਵਿਡ ਲਈ ਟੈਸਟ ਹੋਇਆ ਹੈ ਅਤੇ ਉਹ ਪਾਜ਼ੇਟਿਵ ਹੈ ਅਤੇ ਜੇ ਤੁਸੀਂ ਇਹ ਗੱਲ ਸਕੂਲ ਤੋਂ ਨਹੀਂ ਸੁਣਦੇ ਤਾਂ ਇਸ ਦਾ ਮਤਲਬ ਇਹ ਹੈ ਕਿ ਹੈਲਥ ਵਾਲਿਆਂ ਵੱਲੋਂ ਕੀਤੀ ਪੁਸ਼ਟੀ ਅਨੁਸਾਰ ਸਕੂਲ ਵਿੱਚ ਸੰਪਰਕ ਦੀ ਘਟਨਾ ਨਹੀ ਹੋਈ। ਇਸ ਕਰਕੇ ਇਹ ਬਹੁਤ ਮਹੱਤਵਪੂਰਨ ਹੈ। ਬਿਨਾਂ ਸ਼ੱਕ ਦੂਸਰਾ ਹਿੱਸਾ ਇਹ ਹੈ, ਜਿਵੇਂ ਤੁਸੀਂ ਜਾਣਦੇ ਹੀ ਹੋ, ਜੇ ਸੰਪਰਕ ਹੋਇਆ ਹੈ, ਤਾਂ ਅਸੀਂ ਸੰਪਰਕ ਹੋਣ ਬਾਰੇ ਸਟਾਫ ਅਤੇ ਸਕੂਲ ਦੇ ਸਾਰੇ ਭਾਈਚਾਰੇ ਨੂੰ ਚਿੱਠੀ ਭੇਜਦੇ ਹਾਂ। ਇਸ ਲਈ ਜਦੋਂ ਹੈਲਥ ਵਾਲਿਆਂ ਵੱਲੋਂ ਕਿਸੇ ਵੀ ਸਮੇਂ ਸਕੂਲ ਵਿੱਚ ਸੰਪਰਕ ਹੋਣ ਦੀ ਪੁਸ਼ਟੀ ਕੀਤੀ ਜਾਂਦੀ ਹੈ, ਤਾਂ ਅਸੀਂ ਚਿੱਠੀ ਭੇਜਦੇ ਹਾਂ। ਫਿਰ ਮਿੱਥੀਆਂ ਹੋਈਆਂ ਇੰਟਰਵਿਊਆਂ ਕੀਤੀਆਂ ਜਾਂਦੀਆਂ ਹਨ, ਪਾਜ਼ੇਟਿਵ ਵਿਅਕਤੀ ਦੀ ਇੰਟਰਵਿਊ ਨਾਲ ਸੰਬੰਧਤ, ਅਤੇ ਉਹ ਇਹ ਪਤਾ ਲਾਉਂਦੇ ਹਨ ਕਿ ਕੌਣ ਕੌਣ ਉਸ ਨਾਲ ਨੇੜਲੇ ਸੰਪਰਕ ਵਿੱਚ ਆਇਆ ਸੀ। ਨੇੜਲੇ ਸੰਪਰਕ ਵਿੱਚ ਆਉਣ ਵਾਲੇ ਜਿਹਨਾਂ ਵਿਅਕਤੀਆਂ ਨੂੰ ਘੱਟ ਖਤਰਾ ਹੋਵੇ, ਜਿਹਨਾਂ ਦਾ ਕੁਝ ਹੱਦ ਤੱਕ ਸੰਪਰਕ ਹੋਇਆ ਹੋਵੇ, ਨੂੰ ਆਪਣੇ ਲੱਛਣਾਂ 'ਤੇ ਨਿਗ੍ਹਾ ਰੱਖਣ ਦੀ ਚਿੱਠੀ ਮਿਲੇਗੀ। ਅਤੇ ਫਿਰ ਕੁੱਝ ਜ਼ਿਆਦਾ ਖਤਰੇ ਵਾਲੇ ਵਿਅਕਤੀ ਹੋਣਗੇ, ਜਿਹੜੇ ਪਾਜ਼ੇਟਿਵ ਵਿਅਕਤੀ ਦੇ ਨੇੜ੍ਹੇ ਸਨ, ਉਨ੍ਹਾਂ ਨਾਲ ਹੈਲਥ ਵਾਲਿਆਂ ਵੱਲੋਂ ਸਿੱਧਾ ਸੰਪਰਕ ਕੀਤਾ ਜਾਵੇਗਾ, ਅਤੇ ਉਨ੍ਹਾਂ ਨੂੰ ਆਪਣੇ ਆਪ ਨੂੰ 14 ਦਿਨਾਂ ਲਈ ਇਕਾਂਤਵਾਸ ਵਿੱਚ ਰੱਖਣ ਲਈ ਕਿਹਾ ਜਾਵੇਗਾ। ਇਸ ਲਈ ਦੋ ਤਰ੍ਹਾਂ ਦੀਆਂ ਚਿੱਠੀਆਂ ਇਸ ਪ੍ਰਕਾਰ ਹਨ। ਇਕ ਪੂਰੇ ਸਕੂਲ ਨੂੰ ਸੰਪਰਕ ਵਿੱਚ ਆਉਣ ਬਾਰੇ ਭੇਜੀ ਜਾਣ ਵਾਲੀ ਚਿੱਠੀ ਹੈ, ਅਤੇ ਫਿਰ ਇਕ ਘੱਟ ਖਤਰੇ ਵਾਲੇ ਵਿਅਕਤੀਆਂ ਨੂੰ ਖੁੱਦ ਆਪਣੇ ਲੱਛਣਾਂ 'ਤੇ ਨਿਗ੍ਹਾਂ ਰੱਖਣ ਲਈ ਕਹਿਣ ਵਾਲੀ ਚਿੱਠੀ ਹੈ, ਅਤੇ ਜ਼ਿਆਦਾ ਖਤਰੇ ਵਾਲੇ ਲੋਕਾਂ ਨੂੰ ਖੁਦ ਨੂੰ ਇਕਾਂਤਵਾਸ ਵਿੱਚ ਰੱਖਣ ਲਈ ਕਿਹਾ ਜਾਵੇਗਾ। ਪਰ ਬਾਕੀ ਦੇ ਸਕੂਲ ਦੇ ਸੰਬੰਧ ਵਿੱਚ ਅਸੀਂ ਸਾਰੇ ਸਕੂਲ 'ਤੇ 14 ਦਿਨਾਂ ਲਈ ਨਿਗਰਾਨੀ ਰੱਖਾਂਗੇ ਅਤੇ ਫਿਰ 14 ਦਿਨਾਂ ਦੇ ਅਖੀਰ 'ਤੇ ਅਸੀਂ ਜਾਣ ਜਾਵਾਂਗੇ ਕਿ ਇਨਕੂਬੇਸ਼ਨ ਦਾ ਸਮਾਂ (ਸੰਪਰਕ ਹੋਣ ਦੇ ਸਮੇਂ ਤੋਂ ਲੈ ਕੇ, ਬੀਮਾਰੀ ਦੇ ਲੱਛਣ ਪ੍ਰਗਟ ਹੋਣ ਤੱਕ ਦਾ ਸਮਾਂ) ਲੰਘ ਗਿਆ ਹੈ, ਅਤੇ ਸਕੂਲ 'ਤੇ ਸਾਡੀ ਨਿਗਰਾਨੀ ਬੰਦ ਹੋ ਜਾਵੇਗੀ। ਇਸ ਬਾਰੇ ਮੈਂ ਇਕ ਫਲੋਚਾਰਟ (ਤਸਵੀਰ) ਤਿਆਰ ਕੀਤੀ ਹੈ, ਜਿਸ ਨੂੰ ਮੈਂ ਸੋਸ਼ਲ ਮੀਡੀਏ 'ਤੇ ਪਾ ਦੇਵਾਂਗਾ ਤਾਂ ਕਿ ਲੋਕ ਇਸ ਨੂੰ ਦੇਖ ਵੀ ਸਕਣ। ਇਸ ਲਈ ਇਹ ਬਹੁਤ ਮਹੱਤਵਪੂਰਨ ਹੈ, ਖਾਸ ਕਰਕੇ ਜਦੋਂ ਇਹ ਅਫਵਾਹ ਫੈਲ ਰਹੀ ਹੋਵੇ ਅਤੇ ਲੋਕ ਸੁਣ ਰਹੇ ਹੋਣ ਕਿ ਸਕੂਲ ਨਾਲ

ਸੰਬੰਧਤ ਕੋਈ ਕੇਸ ਹੈ, ਤਾਂ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਕੂਲ ਹੋਣ ਸਮੇਂ ਕੀ ਉਹ ਵਿਅਕਤੀ ਇਨਫੈਕਸ਼ਨ ਕਰਨ ਦੇ ਯੋਗ ਸੀ? ਜੇ ਉਹ ਇਨਫੈਕਸ਼ਨ ਕਰਨ ਦੇ ਯੋਗ ਨਹੀਂ ਸੀ, ਤਾਂ ਕੋਈ ਸੰਪਰਕ ਨਹੀਂ ਹੋਇਆ, ਅਤੇ ਕੋਈ ਚਿੱਠੀ ਨਹੀਂ ਭੇਜੀ ਜਾਵੇਗੀ।

ਅੱਜ ਦਾ ਅਖੀਰਲਾ ਹਿੱਸਾ ਮਿਸ਼ਰਤ ਸਿੱਖਿਆ (ਬਲੈਂਡਿਡ ਲਰਨਿੰਗ) ਬਾਰੇ ਹੈ। ਮੈਂ ਉਨ੍ਹਾਂ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ, ਜੋ ਇਸ ਵਿੱਚ ਸ਼ਾਮਲ ਹਨ। ਸਾਡੇ ਕੋਲ ਕਿੰਡਰਗਾਰਟਨ ਤੋਂ ਲੈ ਕੇ ਗ੍ਰੇਡ ਨੌਂ ਤੱਕ ਪ੍ਰਬੰਧ ਹਨ। ਐਲੀਮੈਂਟਰੀ ਸਕੂਲਾਂ ਵਿੱਚ ਸਰੀ ਬਲੈਂਡਿਡ (ਮਿਸ਼ਰਤ) ਵਿੱਚ ਵਿਦਿਆਰਥੀਆਂ ਲਈ ਮੌਕਾ ਪ੍ਰਦਾਨ ਕੀਤਾ ਗਿਆ ਹੈ, ਗ੍ਰੇਡ ਅੱਠ ਅਤੇ ਨੌਂ ਲਈ ਹੋਰ ਆਨਲਾਈਨ ਪੜ੍ਹਾਈ ਦੇ ਕੁੱਝ ਮੌਕੇ ਹਨ, ਅਤੇ ਗ੍ਰੇਡ 10-12 ਦੇ ਸਾਰੇ ਵਿਦਿਆਰਥੀ ਮਿਸ਼ਰਤ ਸਿੱਖਿਆ (ਬਲੈਂਡਿਡ ਲਰਨਿੰਗ) ਦੇ ਪ੍ਰੋਗਰਾਮ ਵਿੱਚ ਹਨ। ਇਸ ਦਾ ਮਤਲਬ ਹੈ ਕਿ ਸਰੀ ਜ਼ਿਲ੍ਹੇ ਵਿੱਚ ਇਸ ਪੱਤਝੜ ਦੌਰਾਨ 29,000 ਵਿਦਿਆਰਥੀ ਮਿਸ਼ਰਤ ਸਿੱਖਿਆ (ਬਲੈਂਡਿਡ ਲਰਨਿੰਗ) 'ਤੇ ਹਨ। ਇਹ ਅਜਿਹੀ ਚੀਜ਼ ਹੈ, ਜਿਸ ਨੂੰ ਕਈ ਟੀਚਰਾਂ, ਬਹੁਤੇ ਟੀਚਰਾਂ, ਨੇ ਪਹਿਲਾਂ ਕਦੇ ਨਹੀਂ ਕੀਤਾ ਸੀ। ਇਸ ਲਈ ਉਨ੍ਹਾਂ ਨੂੰ ਪੜ੍ਹਾਉਣ ਦੇ ਨਵੇਂ ਢੰਗਾਂ ਦੀ ਲੋੜ ਹੈ, ਉਨ੍ਹਾਂ ਨੂੰ ਨਵੀਂਆਂ ਚੀਜ਼ਾਂ ਸਿੱਖਣ ਦੀ ਲੋੜ ਹੈ, ਨਵੀਂਆਂ ਚੀਜ਼ਾਂ ਕਰਕੇ ਦੇਖਣ ਅਤੇ ਕਰਨ ਦੀ ਲੋੜ ਹੈ, ਅਤੇ ਅਸੀਂ ਜਾਣਦੇ ਹਾਂ ਕਿ ਇਸ ਤਰ੍ਹਾਂ ਦੇ ਮੌਕੇ ਨਾਲ ਚੁਣੌਤੀਆਂ ਵੀ ਸਾਹਮਣੇ ਆਉਂਦੀਆਂ ਹਨ। ਇਹ ਕਰਨ ਲਈ ਲੋਕਾਂ ਨੂੰ ਬਹੁਤ ਸਾਰਾ ਕੰਮ ਕਰਨਾ ਪੈਂਦਾ ਹੈ, ਅਤੇ ਸਾਡੇ ਸਰੀ ਬਲੈਂਡਿਡ (ਮਿਸ਼ਰਤ) ਪ੍ਰੋਗਰਾਮ ਨੂੰ ਉਸ ਤਰ੍ਹਾਂ ਦਾ ਪ੍ਰੋਗਰਾਮ ਬਣਨ ਵਿੱਚ ਮਦਦ ਕਰਨ ਲਈ ਜਿਸ ਤਰ੍ਹਾਂ ਦਾ ਪ੍ਰੋਗਰਾਮ ਇਹ ਹੋਣਾ ਚਾਹੀਦਾ ਹੈ, ਅਤੇ ਸਾਡੀ ਇਸ ਵੱਲ ਤਬਦੀਲੀ ਵਿੱਚ ਮਦਦ ਕਰਨ ਲਈ, ਮੈਂ ਹਰ ਵਿਅਕਤੀ ਵੱਲੋਂ ਵਰਤੀ ਜਾ ਰਹੀ ਮੁਹਾਰਤ ਅਤੇ ਪੇਸ਼ਾਵਰੀ ਦੀ ਪ੍ਰਸ਼ੰਸਾ ਕਰਨਾ ਚਾਹੁੰਦਾ ਹਾਂ ਕਿਉਂਕਿ ਬਾਹਰ ਬਹੁਤ ਸਾਰੇ ਵਿਦਿਆਰਥੀ ਹਨ, ਜਿਹਨਾਂ ਨੂੰ ਅਸੀਂ ਆਪਣੇ ਸਕੂਲਾਂ ਨਾਲ ਜੁੜੇ ਰੱਖਣਾ ਚਾਹੁੰਦੇ ਹਾਂ। ਅਸੀਂ ਜਾਣਦੇ ਹਾਂ ਕਿ ਸਕੂਲ ਬੱਚਿਆਂ ਲਈ ਸਭ ਤੋਂ ਵਧੀਆਂ ਥਾਂਵਾਂ ਹਨ, ਅਸੀਂ ਉਨ੍ਹਾਂ ਨੂੰ ਸਕੂਲ ਵਿੱਚ ਰੱਖਣਾ ਚਾਹੁੰਦੇ ਹਾਂ, ਅਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਅਧਿਆਪਕਾਂ ਨਾਲ ਰੱਖਣਾ ਚਾਹੁੰਦੇ ਹਾਂ, ਅਤੇ ਅਸੀਂ ਇਸ ਢੰਗ ਨਾਲ ਅੱਗੇ ਵਧਣਾ ਚਾਹੁੰਦੇ ਹਾਂ।

ਇਸ ਤਰ੍ਹਾਂ ਮੈਂ ਇਨ੍ਹਾਂ ਤਿੰਨ ਚੀਜ਼ਾਂ ਬਾਰੇ ਤਾਜ਼ਾ ਜਾਣਕਾਰੀ ਦੇਣਾ ਚਾਹੁੰਦਾ ਸੀ, ਅਤੇ ਹਮੇਸ਼ਾਂ ਦੀ ਤਰ੍ਹਾਂ ਤੁਹਾਡਾ ਉਸ ਸਭ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ ਜੋ ਕੁਝ ਤੁਸੀਂ ਇਸ ਚੁਣੌਤੀਆਂ ਭਰਪੂਰ ਸਮਿਆਂ ਵਿੱਚ ਕਰ ਰਹੇ ਹੋ। ਮੈਨੂੰ 30 ਸਤੰਬਰ ਤੱਕ ਪਹੁੰਚਣ ਅਤੇ ਗਿਣਤੀ ਨੂੰ ਆਪਣੇ ਪਿੱਛੇ ਛੱਡਣ ਅਤੇ ਅਗਾਂਹ ਆਉਣ ਵਾਲੇ ਸਾਲ ਵੱਲ ਦੇਖਦਿਆਂ ਸੱਚਮੁੱਚ ਹੀ ਬਹੁਤ ਖੁਸ਼ੀ ਹੋ ਰਹੀ ਹੈ।

ਆਪਣਾ ਖਿਆਲ ਰੱਖਿਓ, ਤੰਦਰੁਸਤ ਰਹਿਓ, ਹਾਇਚਕੇ (ਫਸਟ ਨੇਸ਼ਨਜ਼ ਗਰੀਟਿੰਗਜ਼) ।